**ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ**
**ਸਵੇਰ ਦੀ ਬੈਠਕ**

# ਪੰਜਾਬ ਵਿਧਾਨ ਸਭਾ ਸਕੱਤਰੇਤ

**ਵੀਰਵਾਰ, ਮਿਤੀ 30 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।**

## ਰੁੜਕਾ ਕਲਾਂ ਪਿੰਡ ਵਿੱਚ ਇੱਕ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਬਣਾਉਣਾ

41. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਫਿਲੌਰ ਸਬ-ਡਵੀਜ਼ਨ ਦੇ ਰੁੜਕਾ ਕਲਾਂ ਪਿੰਡ ਵਿੱਚ ਇੱਕ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਬਣਾਉਣ ਦੀ ਤਜਵੀਜ਼ ਮੰਨਜ਼ੂਹ ਕੀਤੀ ਸੀ;

ਅ) ਸਰਕਾਰ ਵੱਲੋਂ ਉਕਤ ਆਈ.ਟੀ.ਆਈ. ਨੂੰ ਸ਼ੁਰੂ ਕਰਨ ਲਈ ਕੀ ਕਦਮ ਚੁੱਕੇ ਗਏ ਹਨ ਅਤੇ ਇਸ ਲਈ ਕਿੰਨਾਂ ਸਮਾਂ ਲੱਗਣ ਦੀ ਸੰਭਾਵਨਾ ਹੈ?

## ਮਾਨਸਿਕ ਹੈਲਥਕੇਅਰ ਐਕਟ 2017 ਦੇ ਉਪਬੰਧਾਂ ਨੂੰ ਲਾਗੂ ਕਰਨਾ

47. **ਸਰਦਾਰ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਨੇ ਮੈਂਟਲ ਹੈਲਥਕੇਅਰ ਐਕਟ, 2017 ਦੇ ਤਹਿਤ ਰਾਜ ਮੈਂਟਲ ਹੈਲਥ ਅਥਾਰਟੀ (ਐਸ.ਐਮ.ਐਚ.ਏ.) ਦਾ ਗਠਨ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਐਸ.ਐਮ.ਐਚ.ਏ. ਦੁਆਰਾ ਰਜਿਸਟਰਡ ਸੰਸਥਾਵਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਸਾਰੀਆਂ ਸੰਸਥਾਵਾਂ ਦੇ ਨਾਮ ਕੀ-ਕੀ ਹਨ;

ੲ) ਐਸ.ਐਮ.ਐਚ.ਏ ਦੇ ਨਾਲ ਰਜਿਸਟਰਡ ਕਲੀਨਿਕਲ ਮਨੋਵਿਗਿਆਨਿਕ ਮੈਂਟਲ ਹੈਲਥ ਨਰਸਾਂ ਅਤੇ ਮਨੋਵਿਗਿਆਨਕ ਸਮਾਜਿਕ ਵਰਕਰਾਂ ਦੀ ਗਿਣਤੀ ਕਿੰਨੀ ਹੈ;

ਸ) ਕੀ ਐਸ.ਐਮ.ਐਚ.ਏ ਨੇ ਸਾਰੀਆਂ ਮਾਨਸਿਕ ਸਿਹਤ ਸੰਸਥਾਵਾਂ ਅਤੇ ਪੇਸੇਵਰਾਂ ਦਾ ਰਜਿਟਰ ਆਨਲਾਈਨ ਪ੍ਰਕਾਸਿਤ ਕੀਤਾ ਹੈ ਜਿਵੇ ਕਿ ਮੈਂਟਲ ਹੈਲਥ ਕੇਅਰ ਐਕਟ,2017 ਦੁਆਰਾ ਲਾਜਮੀ ਕੀਤਾ ਗਿਆ ਹੈ; ਜੇਕਰ ਅਜਿਹਾ ਹੇਵੇ ਤਾਂ ਇਸਦੇ ਵੇਰਵੇ ਕੀ ਹਨ;

ਹ) ਕੀ ਐਸ.ਐਮ.ਐਚ.ਏ ਨੇ ਮਾਨਸਿਕ ਸਿਹਤ ਸਮੀਖਿਆ ਬੋਰਡਾਂ ਦਾ ਗਠਤ ਕੀਤਾ ਹੈ ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ ;

ਕ) ਮਾਨਸਿਕ ਹੈਲਥਕੇਅਰ ਐਕਟ,2017 ਦੇ ਉਪਬੰਧਾਂ ਨੂੰ ਪੂਰਣ ਰੂਪ ਵਿੱਚ ਲਾਗੂ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ?

## ਆਈ.ਏ.ਐਸ./ਆਈ.ਪੀ.ਐਸ ਅਤੇ ਹੋਰ ਸ਼੍ਰੇਣੀਆਂ ਦੇ ਅਧਿਕਾਰੀਆਂ ਦੀਆਂ ਸੰਪਤੀਆਂ ਦੇ ਵੇਰਵੇ

67. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਸਰਕਾਰ ਵੱਲੋਂ ਆਪਣੇ ਸਾਰੇ ਆਈ.ਏ.ਐਸ./ਆਈ.ਪੀ.ਐਸ ਅਤੇ ਕੁੱਝ ਹੋਰ ਸ਼੍ਰੇਣੀਆਂ ਦੇ ਅਧਿਕਾਰੀਆਂ ਦੀਆਂ ਸੰਪਤੀਆਂ ਦਾ ਵੇਰਵਾ ਹਰ ਸਾਲ ਸਦਨ ਦੀ ਮੇਜ ਤੇ ਰੱਖਿਆ ਜਾਂਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਾਲ 2021 ਅਤੇ ਇਸ ਸਾਲ ਕਿਹੜੇ-ਕਿਹੜੇ ਅਧਿਕਾਰੀਆਂ ਦੀਆਂ ਸੰਪਤੀਆਂ ਦਾ ਵੇਰਵਾ ਸਦਨ ਦੀ ਮੇਜ ਤੇ ਰੱਖਿਆ ਗਿਆ ਸੀ ਅਤੇ ਜਿਹੜੇ ਅਧਿਕਾਰੀਆਂ ਨੇ ਆਪਣੀ ਸੰਪਤੀ ਦਾ ਵੇਰਵਾ ਨਹੀਂ ਦਿੱਤਾ, .ਕੀ ਉਨ੍ਹਾਂ ਖਿਲਾਫ਼ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ; ਜੇਕਰ ਨਹੀਂ ਤਾਂ ਕੀ ਭਵਿੱਖ ਵਿੱਚ ਅਜਿਹਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

## ਸਰਕਾਰ ਵੱਲੋਂ ਰੱਦ ਕੀਤੀ ਨੋਟੀਫਿਕੇਸ਼ਨ ਬਹਾਲ ਕਰਨਾ

70. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ, ਪੰਜਾਬ ਮਜ਼ਦੂਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਜਿਵੇਂ ਕਿ ਪੇਂਡੂ ਮਜ਼ਦੂਰ ਯੂਨੀਅਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੀਆ ਮੰਗਾਂ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ, ਜਮੀਨ ਸਸਤੇ ਭਾਅ ਪਟੇ ਤੇ ਦੇਣ, ਡੰਮੀ ਬੋਲੀਆਂ ਦਾ ਰੀਵਿਊ ਕਰਕੇ ਰੱਦ ਕਰਨ ਅਤੇ ਤਿੰਨ ਸਾਲ ਲਈ ਜਮੀਨ ਪਟੇ ਤੇ ਲੈਣ ਸਬੰਧੀ ਸਰਕਾਰ ਵੱਲੋਂ ਰੱਦ ਕੀਤਾ ਨੋਟੀਫਿਕੇਸ਼ਨ ਬਹਾਲ ਕਰਨ ਲਈ ਤਿਆਰ ਹੈ; ਜੇਕਰ ਹਾਂ ਤਾਂ ਕਦੋਂ ਤੱਕ ਵੇਰਵੇ ਸਹਿਤ ਦੱਸਿਆ ਜਾਵੇ?

## ਸਿਹਤ ਵਿਭਾਗ ਵੱਲੋਂ ਸਾਲ 2011 ਵਿੱਚ 200 ਡਰਾਈਵਰਾਂ ਦੀ ਭਰਤੀ ਦੇ ਵੇਰਵੇ

79. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਮਿਤੀ 26-07-2011 ਨੂੰ ਡਰਾਈਵਰਾਂ ਦੀਆਂ 200 ਅਸਾਮੀਆਂ ਦੀ ਜੋ ਭਰਤੀ ਕੀਤੀ ਗਈ ਸੀ, ਉਨ੍ਹਾਂ 200 ਉਮੀਦਵਾਰਾਂ ਨੂੰ ਅੱਜ ਤੱਕ ਨਿਯੁਕਤੀ ਪੱਤਰ ਨਹੀਂ ਦਿੱਤੇ ਗਏ; ਜੇਕਰ ਅਜਿਹਾ ਹੋਵੇ ਤਾਂ ਭਵਿੱਖ ਵਿੱਚ ਇਨ੍ਹਾਂ ਚੁਣੇ ਜਾ ਚੁੱਕੇ ਉਮੀਦਵਾਰਾਂ ਦੀ ਨਿਯੁਕਤੀ ਲਈ ਕੀ ਨੀਤੀ ਅਪਣਾਈ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

ਪਰਤੋਂ ਜੀ.......

**ਤਹਿਸੀਲ ਧਰਮਕੋਟ ਵਿੱਚ ਖੰਡ ਮਿਲ ਲਗਾਉਣਾ**

81. **ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ.**:- ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਾਲਵੇ ਵਿੱਚ ਸਾਰੀਆਂ ਖੰਡ ਮਿਲਾਂ ਬੰਦ ਹੋ ਚੁੱਕੀਆਂ ਹਨ; ਜੇਕਰ ਹਾਂ ਤਾਂ ਕੀ ਸਰਕਾਰ ਧਰਮਕੋਟ ਹਲਕੇ ਵਿੱਚ ਸਰਕਾਰੀ ਜਾਂ ਅਰਧ-ਸਰਕਾਰੀ ਖੰਡ ਮਿਲ ਲਗਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ**

82. **ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐਲ.ਏ.**:- ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਦੇ ਸਾਰੇ ਸਰਕਾਰੀ ਕਾਲਜਾਂ ਚ ਰੈਗੂਲਰ ਅਧਿਆਪਕਾਂ ਦੀ ਬਹੁਤ ਘਾਟ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਨਵੀਂ ਭਰਤੀ ਕਰਕੇ ਇਹ ਘਾਟ ਪੂਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਫੈਕਟਰੀਆਂ ਦੇ ਗੰਦੇ ਪਾਣੀ ਦੇ ਨਿਕਾਸੀ ਦੇ ਵੇਰਵੇ**

83. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਫੈਕਟਰੀਆਂ ਦੇ ਗੰਦੇ ਪਾਣੀ ਦਾ ਨਿਕਾਸ ਅਸੁਰੱਖਿਅਤ ਢੰਗ ਨਾਲ ਕੀਤਾ ਜਾ ਰਿਹਾ ਹੈ;

ਅ) ਜੇ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਰਕਾਰ ਇਸ ਦੀ ਜਾਂਚ ਕਰਵਾਕੇ ਇਸਦੇ ਨਿਕਾਸ ਲਈ ਵਾਟਰ ਟ੍ਰੀਟਮੈਂਟ ਪਲਾਂਟ ਲਗਾਉਣ ਦੇ ਨਿਯਮ ਦਾ ਪਾਲਣ ਕਰਨਾ ਯਕੀਨੀ ਬਣਾਏਗੀ?

ਚੰਡੀਗੜ੍ਹ
ਮਿਤੀ 28 ਜੂਨ, 2022

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।